aglasem.com

FOR PUNJAB CLASS 8 PREPARATION

PSEB 8th Sample Paper 2027 PUNJABI (2nd Language)

EXAM	YEAR	TYPE	SUBJECT
Punjab Class 8	2027	Sample Paper	Punjabi

ਅੱਠਵੀਂ (2026-27)

ਸਮਾਂ: 3 ਘੰਟੇ **ਬੋਰਡ ਪਰੀਖਿਆ ਦਾ ਨਮੂਨਾ** **ਕੁੱਲ ਅੰਕ: 80**

ਪੰਜਾਬੀ (ਦੂਜੀ ਭਾਸ਼ਾ)

1. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ : **1×5=5**

ਘਰ ਦੀ ਗ਼ਰੀਬੀ ਕਾਰਨ ਯੋਗ ਰਾਜ ਕਿਤਾਬਾਂ ਵੀ ਨਹੀਂ ਸੀ ਖ਼ਰੀਦ ਸਕਦਾ। ਸਰਦੇ-ਪੁੱਜਦੇ ਘਰਾਂ ਦੇ ਮੁੰਡੇ ਕਿਤਾਬਾਂ ਤਾਂ ਦੇ ਦਿੰਦੇ ਪਰ ਬਦਲੇ ਵਿੱਚ ਸਕੂਲ ਤੋਂ ਘਰ ਲਈ ਮਿਲਿਆ ਉਹਨਾਂ ਦਾ ਸਾਰਾ ਕੰਮ ਯੋਗ ਰਾਜ ਨੂੰ ਹੀ ਕਰਨਾ ਪੈਂਦਾ। ਸਾਰੇ ਵਿਸ਼ਿਆਂ ਦਾ ਦੁੱਗਣਾ ਕੰਮ ਕਰਨਾ ਯੋਗ ਰਾਜ ਨੂੰ ਬੜਾ ਰਾਸ ਆਇਆ। ਨਾਲੋ-ਨਾਲ਼ ਦੁਹਰਾਈ ਹੁੰਦੀ ਰਹੀ। ਇਸੇ ਸਕੂਲ ਦੇ ਅਪਗ੍ਰੇਡ ਹੋਣ ਉਪਰੰਤ ਦਸਵੀਂ ਜਮਾਤ 1986 ਵਿੱਚ ਪਾਸ ਕੀਤੀ। ਸਕੂਲ ਦੇ ਹੈੱਡਮਾਸਟਰ ਸ੍ਰੀ ਜੋਗਿੰਦਰ ਸਿੰਘ ਜੀ ਉਸ ਵੇਲ਼ੇ ਅੰਗਰੇਜ਼ੀ ਪੜ੍ਹਾਉਂਦੇ ਸਨ। ਯੋਗ ਰਾਜ ਮੰਨਦਾ ਹੈ ਕਿ ਅੰਗਰੇਜ਼ੀ ਵਿਸ਼ੇ ਵਿੱਚ ਪਰਿਪੱਕਤਾ ਉਹਨਾਂ ਨੂੰ ਹੈੱਡਮਾਸਟਰ ਜੋਗਿੰਦਰ ਸਿੰਘ ਕਰਕੇ ਹੀ ਪ੍ਰਾਪਤ ਹੋਈ। ਦਸਵੀਂ ਜਮਾਤ ਵਿੱਚ ਪੜ੍ਹਨ ਸਮੇਂ ਯੋਗਰਾਜ ਦਾ ਦੋ ਕੱਚੇ ਕੋਠਿਆਂ ਵਾਲ਼ਾ ਘਰ ਹੋਇਆ ਕਰਦਾ ਸੀ। ਮੰਜੀ ਦੇ ਪਾਵੇ ਉੱਤੇ ਧਰਿਆ ਮਿੱਟੀ ਦੇ ਤੇਲ ਵਾਲ਼ਾ ਦੀਵਾ ਸਾਰੀ ਰਾਤ ਜਗਦਾ ਰਹਿੰਦਾ। ਇੱਕ ਦਿਨ ਅੱਧੀ ਰਾਤ ਵੇਲ਼ੇ ਪੜ੍ਹਦੇ-ਪੜ੍ਹਦੇ, ਪਤਾ ਹੀ ਨਹੀਂ ਲੱਗਿਆ ਕਿ ਕਦੋਂ ਨੀਂਦ ਆ ਗਈ। ਮੰਜੀ 'ਤੇ ਪਈਆਂ ਕਿਤਾਬਾਂ ਅੱਗ ਦੀ ਲਪੇਟ ਵਿੱਚ ਆ ਗਈਆਂ। ਕਿਸੇ ਨੇਕ ਦਿਲ ਅਧਿਆਪਕ ਨੇ ਦੁਬਾਰਾ ਖ਼ਰੀਦ ਕੇ ਦਿੱਤੀਆਂ। 1986 ਵਿੱਚ ਦਸਵੀਂ ਦੀ ਪੜ੍ਹਾਈ ਤੋਂ ਬਾਅਦ ਘਰ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਹੋ ਚੁੱਕੀ ਸੀ। ਅਗਾਂਹ ਪੜ੍ਹਨ ਦੀ ਇੱਛਾ ਸੀ ਪਰ ਗੜ੍ਹਸ਼ੰਕਰ ਤੋਂ ਨੇੜੇ, ਇਲਾਕੇ ਵਿੱਚ ਕੋਈ ਵੀ ਹਾਇਰ ਸੈਕੰਡਰੀ ਸਕੂਲ ਨਹੀਂ ਸੀ। ਅਗਲੇਰੀ ਪੜ੍ਹਾਈ ਦਾ ਕੋਈ ਹੀਲਾ-ਵਸੀਲਾ ਨਾ ਬਣ ਸਕਿਆ। ਇਸ ਤੋਂ ਬਾਅਦ ਯੋਗ ਰਾਜ ਦੀ ਜ਼ਿੰਦਗੀ ਦਾ ਲੰਮਾ ਸੰਘਰਸ਼ ਸ਼ੁਰੂ ਹੋਇਆ।

1. ਯੋਗ ਰਾਜ ਕਿਤਾਬਾਂ ਕਿਉਂ ਨਹੀਂ ਖ਼ਰੀਦ ਸਕਦਾ ਸੀ?
   ੳ. ਪੜ੍ਹਨ ਦੀ ਇੱਛਾ ਨਹੀਂ ਸੀ — ਅ. ਘਰ ਦੀ ਗ਼ਰੀਬੀ ਕਾਰਨ
   ਅ. ਦੋਸਤ ਪੜ੍ਹਨ ਨਹੀਂ ਦਿੰਦੇ ਸਨ — ਸ. ਅੰਗਰੇਜ਼ੀ ਵਿੱਚ ਪਰਿਪੱਕਤਾ ਨਹੀਂ ਸੀ।
2. ਯੋਗ ਰਾਜ ਦੀ ਦੁਹਰਾਈ ਕਿਵੇਂ ਹੁੰਦੀ ਸੀ?
   ੳ. ਲੰਮਾ ਸੰਘਰਸ਼ ਕਰਨ ਨਾਲ਼ — ਅ. ਹੈੱਡਮਾਸਟਰ ਜੋਗਿੰਦਰ ਸਿੰਘ ਕਰਕੇ
   ਏ. ਦੋਸਤਾਂ ਦਾ ਸਕੂਲ ਦਾ ਕੰਮ ਕਰਨ ਕਰਕੇ — ਸ. ਘਰ ਦੀ ਆਰਥਿਕ ਹਾਲਤ ਕਰਕੇ।
3. ਯੋਗ ਰਾਜ ਨੇ ਦਸਵੀਂ ਕਦੋਂ ਪਾਸ ਕੀਤੀ?
   ੳ. 1986 ਵਿੱਚ — ਅ. 1987 ਵਿੱਚ
   ਏ. 1988 ਵਿੱਚ — ਸ. 1985 ਵਿੱਚ
4. ਯੋਗ ਰਾਜ ਨੂੰ ਅੰਗਰੇਜ਼ੀ ਵਿਸ਼ੇ ਵਿੱਚ ਪਰਿਪੱਕਤਾ ਕਿਸ ਕਰਕੇ ਪ੍ਰਾਪਤ ਹੋਈ?
   ੳ. ਦੋਸਤਾਂ ਕਰਕੇ — ਅ. ਆਪਣੇ-ਆਪ
   ਏ. ਹੈੱਡਮਾਸਟਰ ਜੋਗਿੰਦਰ ਸਿੰਘ ਕਰਕੇ — ਸ. ਸਰਦੇ-ਪੁੱਜਦੇ ਘਰਾਂ ਦੇ ਮੁੰਡਿਆਂ ਕਰਕੇ।
5. ਯੋਗ ਰਾਜ ਨੂੰ ਕਿਤਾਬਾਂ ਅੱਗ ਦੀ ਲਪੇਟ ਵਿੱਚ ਆਉਣ ਤੋਂ ਬਾਅਦ ਕਿਸ ਨੇ ਦੁਬਾਰਾ ਖ਼ਰੀਦ ਕੇ ਦਿੱਤੀਆਂ।?
   ੳ. ਇੱਕ ਨੇਕ ਦਿਲ ਅਧਿਆਪਕ ਨੇ — ਅ. ਹੈੱਡਮਾਸਟਰ ਜੋਗਿੰਦਰ ਸਿੰਘ ਨੇ
   ਏ. ਦੋਸਤ ਨੇ — ਸ. ਉਪਰੋਕਤ ਵਿੱਚੋਂ ਕੋਈ ਨਹੀਂ।

2. ੳ. ਹੇਠ ਲਿਖੀਆਂ ਸਤਰਾਂ ਵਿੱਚੋਂ ਕਿਸੇ ***ਇੱਕ*** ਦੇ ਭਾਵ ਅਰਥ ਲਿਖੋ : **4**

ਕਿੰਨਾ ਹੈ ਵਿਸਾਖੀ ਵਾਲ਼ਾ ਮੇਲਾ ਭਰਿਆ,
ਜਾਏ ਨਾ ਬਜ਼ਾਰਾਂ ਵਿੱਚ ਪੈਰ ਧਰਿਆ।
ਕਿੰਞ ਹਟਵਾਣੀਆਂ ਨੇ ਪਾਈਆਂ ਹੱਟੀਆਂ,
ਦੋਂਹੀਂ ਹੱਥੀਂ ਕਰਦੇ ਸਵਾਈਆਂ ਖੱਟੀਆਂ।

ਜਾਂ

ਚੌਦਾਂ ਨਵੰਬਰ; ਬਾਲ-ਦਿਵਸ, ਬੱਚਿਓ! ਖ਼ੁਸ਼ੀ ਲਿਆਉਂਦਾ ਹੈ,
ਚਾਚਾ ਨਹਿਰੂ ਦਾ ਜਨਮ-ਦਿਨ, ਇਸੇ ਦਿਨ ਹੀ ਆਉਂਦਾ ਹੈ।
ਕਰਦੇ ਸੀ ਬੱਚਿਆਂ ਨਾਲ਼ ਪਿਆਰ, ਪਿਆਰ ਦਾ ਮੁੱਲ ਚੁਕਾਉਂਦੇ ਹਾਂ।
ਚੌਦਾਂ ਨਵੰਬਰ ਬਾਲ-ਦਿਵਸ, ਬੱਚਿਓ! ਅਸੀਂ ਮਨਾਉਂਦੇ ਹਾਂ।

2. ਉਪਰੋਕਤ ਕਾਵਿ-ਸਤਰਾਂ ਦੇ ਆਧਾਰ 'ਤੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ : **1×4=4**

1. ਬਾਲ-ਦਿਵਸ ਕਦੋਂ ਆਉਂਦਾ ਹੈ?
   ੳ. ਤੇਰਾਂ ਨਵੰਬਰ — ਅ. ਚੌਦਾਂ ਨਵੰਬਰ
   ੲ. ਪੰਦਰਾਂ ਨਵੰਬਰ — ਸ. ਸੋਲਾਂ ਨਵੰਬਰ
2. ਬਾਲ-ਦਿਵਸ ਵਾਲ਼ੇ ਦਿਨ ਕਿਸ ਦਾ ਜਨਮ-ਦਿਨ ਹੁੰਦਾ ਹੈ?
   ੳ. ਅਬਦੁਲ ਕਲਾਮ — ਅ. ਮਹਾਤਮਾ ਗਾਂਧੀ
   ੲ. ਜਵਾਹਰ ਲਾਲ ਨਹਿਰੂ — ਸ. ਨਰਿੰਦਰ ਮੋਦੀ
3. ਹੱਟੀਆਂ ਕਿਸ ਨੇ ਪਾਈਆਂ ਹਨ?
   ੳ. ਜੱਟਾਂ ਨੇ — ਅ. ਮਜ਼ਦੂਰਾਂ ਨੇ
   ੲ. ਮੇਲੀਆਂ ਨੇ — ਸ. ਹਟਵਾਣੀਆਂ
4. ਬਜ਼ਾਰਾਂ ਵਿੱਚ ਪੈਰ ਕਿਉਂ ਨੀ ਧਰਿਆ ਜਾਂਦਾ ਹੈ?
   ੳ. ਮੇਲਾ ਭਰਿਆ ਹੋਣ ਕਰਕੇ — ਅ. ਬਰਸਾਤ ਕਾਰਨ
   ੲ. ਮੇਲੇ ਵਿੱਚ ਕੋਈ ਨਹੀਂ ਹੈ — ਸ. ਮੇਲੇ ਵਿੱਚ ਦੁਕਾਨਾਂ ਨਹੀਂ ਹਨ।

3. ੳ. ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ***ਚਾਰ*** ਦੇ ਉੱਤਰ ਲਿਖੋ : **3×4=12**

1. ਕਬੱਡੀ ਪੰਜਾਬੀਆਂ ਦੀ ਹਰਮਨ-ਪਿਆਰੀ ਖੇਡ ਕਿਵੇਂ ਹੈ? 3
2. ਸਾਡੀ ਸਫਲਤਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ? 3
3. ਰਾਣੀ-ਮੱਖੀ ਦਾ ਭੋਜਨ ਕੀ ਹੈ? 3
4. ਵੱਡੇ-ਵੱਡੇ ਦਰਖ਼ਤ ਕੱਟਣ ਨਾਲ਼ ਕਿਹੜੇ ਜਾਨਵਰ ਖ਼ਤਮ ਹੋ ਗਏ ਹਨ? 3
5. ਹਾਮਿਦ ਨੇ ਚਿਮਟਾ ਕਿਉਂ ਖ਼ਰੀਦਿਆ? 3
6. ਲੋਕ ਡਾਕੀਏ ਦਾ ਸਤਿਕਾਰ ਕਿਵੇਂ ਕਰਦੇ ਹਨ? 3

ਅ. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ***ਪੰਜ*** ਦੇ ਉੱਤਰ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ : **1×5=5**

1. ਪਿਛਲੀ ਵਾਰ ਜਦੋਂ ਸਹਿਜ ਨਾਨਕੇ ਗਿਆ ਸੀ ਤਾਂ :
   ੳ. ਉਸ ਦਾ ਕੰਮ ਰਹਿ ਗਿਆ ਸੀ। ਅ. ਬਾਂਹ ਟੁੱਟ ਗਈ ਸੀ। ੲ. ਲੱਤ ਟੁੱਟ ਗਈ ਸੀ।
2. ਮਿੱਕੀ ਦੇ ਪਿਤਾ ਜੀ ਕਿੱਥੇ ਕੰਮ ਕਰਦੇ ਸਨ?
   ੳ. ਪ੍ਰਾਈਵੇਟ ਕੰਪਨੀ ਵਿੱਚ ਅ. ਪ੍ਰਾਈਵੇਟ ਸਕੂਲ ਵਿੱਚ ੲ. ਸਰਕਾਰੀ ਸਕੂਲ ਵਿੱਚ
3. ਮਾਸਟਰ ਬੁੱਧ ਸਿੰਘ ਨੇ ਕੰਵਲਨੈਣ ਨੂੰ ਕੀ ਸਿਖਾਇਆ?
   ੳ. ਪਾਠ ਕਰਨਾ ਅ. ਖੇਡਣਾ ੲ. ਆਪਣਾ ਕੰਮ ਆਪ ਕਰਨਾ
4. ਜਾਮਣ ਦਾ ਬੂਟਾ ਰੁੰਡ-ਮਰੁੰਡ ਕਿਸ ਨੇ ਕੀਤਾ?
   ੳ. ਮੱਝ ਨੇ ਅ. ਭੇਡ ਨੇ ੲ. ਬੱਕਰੀ ਨੇ
5. ਕਸੌਲੀ ਦੀ ਸਭ ਤੋਂ ਖ਼ੂਬਸੂਰਤ ਥਾਂ ਕਿਹੜੀ ਹੈ?
   ੳ. ਸਨ-ਸੈੱਟ ਪੁਆਇੰਟ ਅ. ਮਾਂਕੀ ਪੁਆਇੰਟ ੲ. ਭਗਵਾਨ ਹਨੂੰਮਾਨ ਮੰਦਰ
6. ਦਿਲਜੀਤ ਦੀ ਸਹੇਲੀ ਕੌਣ ਸੀ?
   ੳ. ਪ੍ਰੀਤ ਅ. ਮਨਮੀਤ ੲ. ਮਨਪ੍ਰੀਤ

4. ਹੇਠ ਲਿਖੇ ਵਾਕਾਂ ਵਿੱਚ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਖ਼ਾਲੀ ਥਾਂਵਾਂ ਭਰੋ : **1×4=4**

(ਸਰਘੀ ਵੇਲ਼ੇ, ਪਰਾਲ਼ੀ, ਬੁਲਾਉਣ, ਟੋਕਦੀ)

1. ਸਿਮਰਨ ਸਹਿਜ ਨੂੰ ..... ਰਹਿੰਦੀ। 1
2. ਉਸ ਨੇ ਦੋ-ਤਿੰਨ ਦੋਸਤਾਂ ਨੂੰ ..... ਦਾ ਫ਼ੈਸਲਾ ਕਰ ਲਿਆ। 1
3. ਮਾਸਟਰ ਜੀ ..... ਉੱਠ ਕੇ ਕਸਰਤ ਕਰਦੇ ਸਨ। 1
4. ਫ਼ਸਲਾਂ ਕੱਟਣ ਤੋਂ ਬਾਅਦ ..... ਨੂੰ ਅੱਗ ਨਹੀਂ ਲਾਉਣੀ ਚਾਹੀਦੀ। 1

5. ਹੇਠ ਲਿਖੇ ਚਾਰ ਵਾਕਾਂ ਵਿੱਚੋਂ ਵਾਕ ਦੇ ਸਾਮ੍ਹਣੇ ਪੁੱਛੇ ਗਏ ਅਨੁਸਾਰ ਸ਼ਬਦਾਂ ਦੀ ਪਛਾਣ ਕਰ ਕੇ ਲਿਖੋ:

1. ਸਾਰੀ ਜਮਾਤ ਨੂੰ ਪਾਰਟੀ ਕਰਨਾ ਸਾਡੇ ਵੱਸ 'ਚ ਨਹੀਂ। (ਨਾਂਵ ਚੁਣੋ) 1
2. ਮੈਂ ਤਾਂ ਅੱਜ ਘਰ ਜਾ ਕੇ ਪਾਪਾ ਨੂੰ ਕਹਾਂਗੀ। (ਪੜਨਾਂਵ ਚੁਣੋ) 1
3. ਕਦੀ ਸਾਰੇ ਭੱਜ ਕੇ ਅੱਗੇ ਨਿਕਲ਼ ਜਾਂਦੇ। (ਕਿਰਿਆ ਚੁਣੋ) 1
4. ਵੱਡੇ ਰੁੱਖ ਵੀ ਮਨੁੱਖ ਨੇ ਕੱਟ ਦਿੱਤੇ। (ਵਿਸ਼ੇਸ਼ਣ ਚੁਣੋ) 1

1×4=4

6. ੳ. ਹੇਠ ਲਿਖੇ ਕਿਸੇ ***ਪੰਜ*** ਸ਼ਬਦਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪਸ਼ਟ ਹੋ ਜਾਣ :

ਸੰਪੂਰਨ, ਅਲਵਿਦਾ, ਸ਼ਨਾਖ਼ਤ, ਅਵਸਥਾ, ਬਲਵਾਨ, ਜੰਗਲ਼, ਕੂੜਾ-ਕਰਕਟ, ਅਣਹੋਣੀ **1×5=5**

ਅ. ਹੇਠ ਲਿਖੇ ਕਿਸੇ ***ਪੰਜ*** ਹਿੰਦੀ ਸ਼ਬਦਾਂ ਦੇ ਪੰਜਾਬੀ ਰੂਪ ਲਿਖੋ : **1×5=5**

दवा, मुफ़्त, समस्या, विवाह, ज्ञान, पेड़, भाग्य, प्रतीक्षा

ੲ. ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਸ਼ਬਦਾਂ ਦੇ ਲਿੰਗ ਬਦਲ ਕੇ ਦੁਬਾਰਾ ਲਿਖੋ : **1×5=5**

ਦੋਸਤ, ਅਧਿਆਪਕ, ਸ੍ਰੀਮਾਨ, ਬਾਲਕ, ਰਾਣੀ, ਬੱਚਾ, ਮਾਤਾ, ਖਿਡਾਰੀ

ਸ. ਸਹੀ ਮਿਲ਼ਾਨ ਕਰੋ : **1×5=5**

ਭੂਆ	ਨਾਨਾ
ਮੰਮੀ	ਮਾਸੜ
ਨਾਨੀ	ਦਾਦਾ
ਦਾਦੀ	ਫੁੱਫੜ
ਮਾਸੀ	ਪਾਪਾ

7. ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** ਵਿਸ਼ੇ ਉੱਤੇ ਲੇਖ ਲਿਖੋ : **10**

ਪ੍ਰਦੂਸ਼ਣ, ਸ਼ਹੀਦ ਭਗਤ ਸਿੰਘ, ਰੁੱਖਾਂ ਦੇ ਲਾਭ, ਦਿਵਾਲ਼ੀ, ਦਸਹਿਰਾ

8. ਭੈਣ/ਭਰਾ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਛੁੱਟੀ ਲੈਣ ਲਈ ਸਕੂਲ-ਮੁਖੀ ਨੂੰ ਬਿਨੈ-ਪੱਤਰ ਲਿਖੋ। **08**

ਜਾਂ

ਛੋਟੇ ਭਰਾ ਨੂੰ ਪੜ੍ਹਾਈ ਦੇ ਨਾਲ਼-ਨਾਲ਼ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਨਾ-ਪੱਤਰ ਲਿਖੋ।

9. ਵਿਸ਼ੇਸ਼ਣ ਕਿਸ ਨੂੰ ਆਖਦੇ ਹਨ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ? **04**

ਜਾਂ

ਨਾਂਵ ਕੀ ਹੁੰਦਾ ਹੈ? ਇਹ ਕਿੰਨੀ ਪ੍ਰਕਾਰ ਦਾ ਹੁੰਦਾ ਹੈ?